SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 200 | Wednesday, November 01, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਫਿਸਕਲ ਤੇ ਮਾਨੇਟਰੀ ਪਾਲਿਸੀ ਉਲਟ ਦਿਸ਼ਾਵਾਂ ਵਿੱਚ ਚੱਲ ਰਹੀਆਂ ਹਨ : ਮੈਕਲਮ

ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ ਦਾ ਕਹਿਣਾ ਹੈ ਕਿ ਫਿਸਕਲ ਤੇ ਮਾਨੇਟਰੀ ਪਾਲਿਸੀ ਇੱਕ ਦੂਜੇ ਤੋਂ ਉਲਟ ਦਿਸ਼ਾਵਾਂ ਵਿੱਚ ਚੱਲ ਰਹੀਆਂ ਹਨ। ਇਸ ਲਈ ਮਹਿੰਗਾਈ ਨੂੰ ਹੇਠਾਂ ਲੈ ਕੇ ਆਉਣਾ ਮੁਸ਼ਕਲ ਹੋਇਆ ਪਿਆ ਹੈ।

ਬੈਂਕ ਆਫ ਕੈਨੇਡਾ ਵੱਲੋਂ ਪਿਛੇ ਜਿਹੇ ਰੇਟ ਸਬੰਧੀ ਕੀਤੇ ਗਏ ਫੈਸਲੇ ਤੇ ਕੁਆਰਟਰਲੀ ਇਕਨੌਮਿਕ ਪੇਸ਼ੀਨਿਗੋਈ ਤੋਂ ਬਾਅਦ ਮੈਕਲਮ ਹਾਊਸ ਆਫ ਕਾਮਨਜ਼ ਦੀ ਵਿੱਤ ਕਮੇਟੀ ਦੇ ਐਮਪੀਜ਼ ਸਾਹਮਣੇ ਪੇਸ਼ ਹੋਣ ਜਾ ਰਹੇ ਹਨ। ਕੰਜ਼ਰਵੇਟਿਵ ਐਮਪੀ ਜਸਰਾਜ ਸਿੰਘ ਹੱਲਾਂ ਵੱਲੋਂ ਕੀਤੇ ਸਵਾਲ ਦੇ ਜਵਾਬ ਵਿੱਚ ਗਵਰਨਰ ਨੇ ਆਖਿਆ ਕਿ ਸੈਂਟਰਲ ਬੈਂਕ ਵੱਲੋਂ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿੱਚ ਸਰਕਾਰ ਵੱਲੋਂ ਕੀਤੇ ਜਾ ਰਹੇ ਖਰਚੇ ਵੀ ਅਹਿਮ ਭੂਮਿਕਾ ਨਿਭਾਅ ਰਹੇ ਹਨ।



ਗਵਰਨਰ ਨੇ ਆਖਿਆ ਕਿ ਫੈਡਰਲ ਤੇ ਪ੍ਰੋਵਿੰਸ਼ੀਅਲ ਬਜਟ ਅਨੁਸਾਰ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਖਰਚੇ ਸਪਲਾਈ ਨਾਲੋਂ ਤੇਜ਼ੀ ਨਾਲ ਵਧਣਗੇ ਤੇ ਇਸ ਨਾਲ ਮਹਿੰਗਾਈ ਨੂੰ ਕੰਟਰੋਲ ਕਰਨ ਉੱਤੇ ਵੀ ਦਬਾਅ ਪਵੇਗਾ। ਉਨ੍ਹਾਂ ਆਖਿਆ ਕਿ ਚੰਗਾ ਹੋਵੇ ਜੇ ਮਾਨੇਟਰੀ ਤੇ ਫਿਸਕਲ ਨੀਤੀ ਇੱਕ ਦਿਸ਼ਾ ਵਿੱਚ ਚੱਲਣ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਆਖਿਆ ਕਿ ਕੈਨੇਡਾ ਦੀ ਹੋਰਨਾਂ ਜੀ-7 ਮੁਲਕਾਂ ਨਾਲ ਵੀ ਤੁਲਨਾ ਕਰਨੀ ਚਾਹੀਦੀ ਹੈ। ਜੀ-7 ਮੁਲਕਾਂ ਵਿੱਚ ਕੈਨੇਡਾ ਦੀ ਘਾਟੇ ਦੇ ਮੁਕਾਬਲੇ ਜੀਡੀਪੀ ਰੇਸ਼ੋ ਸੱਭ ਤੋਂ ਘੱਟ ਹੈ।

## ਗ੍ਰੀਨਬੈਲਟ ਸਕੈਂਡਲ ਵਿੱਚ ਹੱਥ ਹੋਣ ਤੋਂ ਫੋਰਡ ਨੇ ਕੀਤਾ ਇਨਕਾਰ

ਓਨਟਾਰੀਓ, 31 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਗ੍ਰੀਨਬੈਲਟ ਸਕੈਂਡਲ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਹਾਊਸਿੰਗ ਡਿਵੈਲਪਮੈਂਟ ਪਲੈਨ ਦੀ ਜਾਂਚ ਕਰ ਰਹੀ ਆਰਸੀਐਮਪੀ ਵੱਲੋਂ ਵੀ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ ਗਿਆ।

ਮੰਗਲਵਾਰ ਨੂੰ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਫੋਰਡ ਨੇ ਆਖਿਆ ਕਿ ਪਹਿਲੀ ਗੱਲ ਗ੍ਰੀਨਬੈਲਟ ਵਿੱਚ ਤਬਦੀਲੀਆਂ ਵਿੱਚ ਉਨ੍ਹਾਂ ਦਾ ਕੋਈ ਹੱਥ ਨਹੀਂ ਤੇ ਦੂਜੀ ਗੱਲ ਇਹ ਹੈ ਕਿ ਆਡੀਟਰ ਜਨਰਲ ਤੇ ਇੰਟੇਗ੍ਰਿਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਆਫਿਸ ਨੂੰ ਇਸ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਗਈ ਹੈ। ਫੋਰਡ ਵੱਲੋਂ ਇਹ ਬਿਆਨ ਉਸ ਸਮੇਂ ਆਇਆ ਜਦੋਂ ਐਨਵਾਇਰਮੈਂਟਲ ਡਿਫੈਂਸ ਨਾਂ ਦੇ ਗਰੁੱਪ ਵੱਲੋਂ ਗ੍ਰੀਨਬੈਲਟ ਡਿਵੈਲਪਮੈਂਟ



ਪਲੈਨਜ਼ ਤੇ ਅਰਬਨ ਬਾਊਂਡਰੀ ਪਸਾਰ ਸਬੰਧੀ ਜਾਣਕਾਰੀ ਫਰੀਡਮ ਆਫ ਇਨਫਰਮੇਸ਼ਨ ਰਾਹੀਂ ਹਾਸਲ ਕਰ ਲਈ ਗਈ।

ਇਸ ਐਡਵੋਕੇਸੀ ਗਰੁੱਪ ਦਾ ਦਾਅਵਾ ਹੈ ਕਿ ਸਰਕਾਰ ਦੀ ਅੰਦਰੂਨੀ ਗੱਲਬਾਤ ਤੋਂ ਇਹ ਸਿੱਧ ਹੁੰਦਾ ਹੈ ਕਿ ਓਨਟਾਰੀਓ ਪੁਲਿਟੀਕਲ ਸਟਾਫ ਵੱਲੋਂ ਹੀ ਇਨ੍ਹਾਂ ਤਬਦੀਲੀਆਂ ਦੇ ਨਿਰਦੇਸ਼ ਦਿੱਤੇ ਗਏ ਜਿਨ੍ਹਾਂ ਨਾਲ ਕੁੱਝ ਡਿਵੈਲਪਰਜ਼ ਨੂੰ ਫਾਇਦਾ ਹੋਇਆ।

## ਸਾਰੀਆਂ ਹੋਮ ਹੀਟਿੰਗ ਟਾਈਪਜ਼ ਉੱਤੇ ਕਾਰਬਨ ਟੈਕਸ ਛੋਟ ਨਹੀਂ ਦਿੱਤੀ ਜਾਵੇਗੀ : ਟਰੂਡੋ

ਓਟਵਾ, 31 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਪਸ਼ਟ ਕਰ ਦਿੱਤਾ ਹੈ ਕਿ ਫੈਡਰਲ ਸਰਕਾਰ ਵੱਲੋਂ ਹੋਮ ਹੀਟਿੰਗ ਆਇਲ ਉੱਤੇ ਟੈਕਸ ਵਿੱਚ ਜਿੰਨੀ ਛੋਟ ਦਿੱਤੀ ਜਾ ਸਕਦੀ ਸੀ ਉਸ ਤੋਂ ਵੱਧ ਹੋਰ ਛੋਟ ਜਾਂ ਰੋਕ ਨਹੀਂ ਲਾਈ ਜਾਵੇਗੀ।

ਟਰੂਡੋ ਨੇ ਆਖਿਆ ਕਿ ਪ੍ਰਦੂਸ਼ਣ ਸਬੰਧੀ ਕੀਮਤਾਂ ਨੂੰ ਹੋਰ ਮੁਲਤਵੀ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਜਿਸ ਤਰ੍ਹਾਂ ਅਸੀਂ ਕੋਇਲੇ ਦੀ ਵਰਤੋਂ ਨੂੰ ਹੌਲੀ ਹੌਲੀ ਹਟਾਇਆ ਹੈ ਉਸੇ ਤਰ੍ਹਾਂ ਹੀ ਅਸੀਂ ਚਾਹੁੰਦੇ ਹਾਂ ਕਿ ਹੋਮ ਹੀਟਿੰਗ ਆਇਲ ਨੂੰ ਵੀ ਹਟਾ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਇਹ ਅਸਲ ਵਿੱਚ ਹੋਮ ਹੀਟਿੰਗ ਆਇਲ ਦੀ ਵਰਤੋਂ ਨੂੰ ਖ਼ਤਮ ਕਰਨ ਲਈ ਕੀਤਾ ਜਾ ਰਿਹਾ ਹੈ, ਜਿਸ ਕਾਰਨ ਵਧੇਰੇ ਪ੍ਰਦੂਸ਼ਣ ਹੁੰਦਾ ਹੈ, ਜਿਹੜਾ ਜ਼ਿਆਦਾ ਮਹਿੰਗਾ ਹੈ ਤੇ ਜਿਸ ਕਾਰਨ ਘੱਟ ਆਮਦਨ ਵਾਲੇ ਕੈਨੇਡੀਅਨਜ਼ ਉੱਤੇ ਵਧੇਰੇ ਆਰਥਿਕ ਬੋਝ ਪੈਂਦਾ ਹੈ। ਟਰੂਡੋ ਨੇ ਇਹ ਵੀ ਸਪਸ਼ਟ ਕੀਤਾ ਕਿ ਹੋਰਨਾਂ ਹੋਮ ਹੀਟਿੰਗ ਟਾਈਪਜ਼ ਉੱਤੇ ਛੋਟ ਦੀ ਆਸ ਲਾਉਣਾ ਬੇਕਾਰ ਹੈ ਕਿਉਂਕਿ ਹੋਰ ਕਿਸੇ ਟਾਈਪ ਉੱਤੇ ਕਾਰਬਨ ਟੈਕਸ ਉੱਤੇ ਕੋਈ ਛੋਟ ਨਹੀਂ ਦਿੱਤੀ ਜਾਵੇਗੀ।



ਮੰਗਲਵਾਰ ਨੂੰ ਸਵੇਰੇ ਕੈਬਨਿਟ ਮੀਟਿੰਗ ਲਈ ਜਾਂਦਿਆਂ ਕੁਦਰਤੀ ਵਸੀਲਿਆਂ ਬਾਰੇ ਮੰਤਰੀ ਜੌਨਾਥਨ ਵਿਲਕਿੰਸਨ ਤੋਂ ਵੀ ਪੱਤਰਕਾਰਾਂ ਨੇ ਹੋਮ ਹੀਟਿੰਗ ਆਇਲ ਉੱਤੇ ਫੈਡਰਲ ਕਾਰਬਨ ਟੈਕਸ ਉੱਤੇ ਤਿੰਨ ਸਾਲਾਂ ਲਈ ਲਾਈ ਰੋਕ ਸਬੰਧੀ ਕਈ ਸਵਾਲ ਪੁੱਛੇ। ਇਹ ਵੀ ਪੁੱਛਿਆ ਗਿਆ ਕਿ ਇਸ ਤਰ੍ਹਾਂ ਦੀ ਹੋਰ ਛੋਟ ਦਿੱਤੀ ਜਾਵੇਗੀ ਤਾਂ ਵਿਲਕਿੰਸਨ ਨੇ ਆਖਿਆ ਕਿ ਅਜਿਹਾ ਨਹੀਂ ਹੋਵੇਗਾ।

## ਫੈਡਰਲ ਸਰਕਾਰ ਨੇ ਵੁਈ ਚੈਟ ਤੇ ਕੈਸਪਰਸਕੀ ਐਪਸ ਉੱਤੇ ਪਾਬੰਦੀ ਲਾਉਣ ਦਾ ਕੀਤਾ ਫੈਸਲਾ

ਓਟਵਾ, 31 ਅਕਤੂਬਰ (ਪੋਸਟ ਬਿਊਰੋ): ਸਕਿਊਰਿਟੀ ਸਬੰਧੀ ਚਿੰਤਾ ਕਾਰਨ ਫੈਡਰਲ ਸਰਕਾਰ ਵੱਲੋਂ ਵੁਈ ਚੈਟ ਤੇ ਕੈਸਪਰਸਕੀ ਵਰਗੀਆਂ ਐਪਲੀਕੇਸ਼ਨਜ਼ ਨੂੰ ਆਪਣੇ ਫੋਨਜ਼ ਉੱਤੇ ਬੈਨ ਕੀਤਾ ਜਾ ਰਿਹਾ ਹੈ।

ਵੁਈ ਚੈਟ ਚੀਨ ਦੀ ਕੰਪਨੀ ਟੈਂਸੈਂਟ ਦਾ ਸੋਸ਼ਲ ਨੈੱਟਵਰਕ, ਮੈਸੇਜਿੰਗ ਤੇ ਪੇਅਮੈਂਟਜ਼ ਸਬੰਧੀ ਐਪ ਹੈ ਜਦਕਿ ਕੈਸਪਰਸਕੀ ਨੂੰ ਰੂਸੀ ਕਾਰੋਬਾਰੀ ਯੂਜੀਨ ਕੈਸਪਰਸਕੀ ਵੱਲੋਂ ਤਿਆਰ ਕੀਤਾ ਗਿਆ ਹੈ ਤੇ ਇਹ




ਸਾਈਬਰਸਕਿਊਰਿਟੀ ਤੇ ਐਂਟੀਵਾਇਰਸ ਸੌਫਟਵੇਅਰ ਮੁਹੱਈਆ ਕਰਵਾਉਂਦਾ ਹੈ।

ਸਰਕਾਰ ਨੇ ਆਖਿਆ ਕਿ ਇਹ ਦੋਵੇਂ ਐਪਸ ਉਨ੍ਹਾਂ ਦੀਆਂ ਡਿਵਾਈਸਾਂ ਤੋਂ ਹਟਾਏ ਜਾਣਗੇ ਤੇ ਭਵਿੱਖ ਵਿੱਚ ਯੂਜ਼ਰਜ਼ ਨੂੰ ਵੀ ਵੁਈ ਚੈਟ ਜਾਂ ਕੈਸਪਰਸਕੀ ਪ੍ਰੋਡਕਟਸ ਡਾਊਨਲੋਡ ਕੀਤੇ ਜਾਣ ਉੱਤੇ ਪਾਬੰਦੀ ਲਗਾ ਦਿੱਤੀ ਜਾਵੇਗੀ। ਇਹ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਦੇ ਚੀਫ ਇਨਫਰਮੇਸ਼ਨ ਆਫੀਸਰ ਨੂੰ ਇਹ ਪੱਕਾ ਯਕੀਨ ਹੈ ਕਿ ਵੁਈ ਚੈਟ ਤੇ ਕੈਸਪਰਸਕੀ ਐਪਸ ਕਾਰਨ ਲੋਕਾਂ ਤੇ ਸਰਕਾਰ ਦੀ ਪ੍ਰਾਈਵੇਸੀ ਤੇ ਸਕਿਊਰਿਟੀ ਨੂੰ ਖਤਰਾ ਹੈ।

ਇਸ ਫੈਸਲੇ ਉੱਤੇ ਕੈਸਪਰਸਕੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਨ੍ਹਾਂ ਨੂੰ ਇਸ ਫੈਸਲੇ ਕਾਰਨ ਕਾਫੀ ਨਿਰਾਸ਼ਾ ਦੇ ਨਾਲ ਨਾਲ ਹੈਰਾਨੀ ਵੀ ਹੋਈ ਹੈ। ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਇਹ ਫੈਸਲਾ ਸਿਆਸੀ ਆਧਾਰ ਉੱਤੇ ਕੀਤਾ ਗਿਆ ਲੱਗਦਾ ਹੈ।

## ਐਂਬੂਲੈਂਸਾਂ ਦੀ ਘਾਟ ਕਾਰਨ ਪੈਰਾਮੈਡਿਕਸ ਯੂਨੀਅਨ ਨੇ ਜਾਰੀ ਕੀਤਾ ਕੋਡ ਰੈੱਡ



ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਐਂਬੂਲੈਂਸਾਂ ਦੀ ਘਾਟ ਹੁਣ ਰੋਜ਼ ਦੀ ਗੱਲ ਬਣ ਗਈ ਹੈ। ਸੋਮਵਾਰ ਨੂੰ ਸਿਟੀ ਦੀ ਪੈਰਾਮੈਡਿਕ ਯੂਨੀਅਨ ਨੇ ਕੋਡ ਰੈੱਡ ਜਾਰੀ ਕਰਨ ਤੋਂ ਬਾਅਦ ਇਹ ਗੱਲ ਆਖੀ।

ਮੰਗਲਵਾਰ ਦੁਪਹਿਰ ਨੂੰ ਟੋਰਾਂਟੋ ਦੀ ਸਿਵਿਕ ਇੰਪਲੌਈਜ਼ ਯੂਨੀਅਨ ਲੋਕਲ 416 ਪੈਰਾਮੈਡਿਕਸ ਯੂਨਿਟ ਦੇ ਚੇਅਰ ਮਾਈਕ ਮੈਰੀਮੈਂਨ ਨੇ ਆਖਿਆ ਕਿ ਇਸ ਵਿੱਚ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਜੇ ਕੋਈ ਐਂਬੂਲੈਂਸ ਦੀ ਉਡੀਕ ਕਰਦਿਆਂ ਹੋਇਆਂ ਹੀ ਇਲਾਜ ਤੋਂ ਪਹਿਲਾਂ ਦਮ ਤੋੜ ਦੇਵੇ।

ਇਸ ਤੋਂ ਇੱਕ ਦਿਨ ਪਹਿਲਾਂ ਯੂਨੀਅਨ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਲੋਕਾਂ ਨੂੰ ਸਿਟੀ ਵਿੱਚ ਐਂਬੂਲੈਂਸਾਂ ਦੀ ਘਾਟ ਤੋਂ ਜਾਣੂ ਕਰਵਾਇਆ ਸੀ। ਇਸ ਸਥਿਤੀ ਨੂੰ ਕੋਡ ਰੈੱਡ ਦਾ ਨਾਂ ਦਿੱਤਾ ਗਿਆ।

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

Allstate. You're in good hands.
Insurance
*Trademark used under licence by Allstate Insurance Company. 232374 | 6-23
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MAGGAS MEDICAL INC.
Helping you breathe deep and rest easy.
CPAP machines, masks and supplies
Free consultations
30 day mask exchange
Free deliveries
(647) 954-9885
20 Maritime Ont Blvd Unit 15
Brampton, ON L6S 0C2

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11,

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਘਰਾਂ ਵਿੱਚ ਡਾਕੇ ਮਾਰਨ ਵਾਲੇ 18 ਸਾਲਾ ਲੜਕੇ ਨੂੰ ਪੁਲਿਸ ਨੇ ਕੀਤਾ ਗ੍ਰਿਫਤਾਰ

ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਘਰਾਂ ਵਿੱਚ ਦਾਖਲ ਹੋ ਕੇ ਚੋਰੀਆਂ ਕਰਨ ਤੇ ਡਾਕੇ ਮਾਰਨ ਦੇ ਮਾਮਲੇ ਵਿੱਚ ਟੋਰਾਂਟੋ ਪੁਲਿਸ ਨੇ ਇੱਕ 18 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਹੈ।




ਜਾਂਚਕਾਰਾਂ ਨੂੰ 20 ਜੁਲਾਈ ਨੂੰ ਤੜ੍ਹਕੇ 4:00 ਵਜੇ ਤੋਂ ਪਹਿਲਾਂ ਗਲੈਨਕੇਅਰਨ ਐਵਨਿਊ ਤੇ ਬਾਥਰਸਟ ਸਟਰੀਟ ਏਰੀਆ ਵਿੱਚ ਡਾਕਾ ਮਾਰੇ ਜਾਣ ਦੀ ਕੋਸ਼ਿਸ਼ ਕਰਨ ਦੀ ਜਾਣਕਾਰੀ ਮਿਲੀ। ਦੋ ਗੱਡੀਆਂ ਵਿੱਚ ਸਵਾਰ ਹੋ ਕੇ ਤਿੰਨ ਮਸ਼ਕੂਕ ਇੱਕ ਘਰ ਵਿੱਚ ਪਹੁੰਚੇ, ਜਿੱਥੇ ਉਹ ਘਰ ਦੇ ਗੈਰਾਜ ਵਿੱਚ ਦਾਖਲ ਹੋਏ ਤੇ ਉੱਥੋਂ ਭੱਜਣ ਤੋਂ ਪਹਿਲਾਂ ਉਨ੍ਹਾਂ ਗੈਰਾਜ ਵਿੱਚ ਕਾਫੀ ਤੋੜ ਭੰਨ੍ਹ ਕੀਤੀ। ਇੱਥੋਂ ਕੋਈ ਚੀਜ਼ ਚੋਰੀ ਹੋਣ ਦੀ ਖਬਰ ਨਹੀਂ ਮਿਲੀ।

ਅੱਠ ਦਿਨ ਬਾਅਦ 28 ਜੁਲਾਈ ਨੂੰ ਸਵੇਰੇ 4:00 ਵਜੇ ਦੇ ਨੇੜੇ ਤੇੜੇ ਪੁਲਿਸ ਨੂੰ ਫੌਰੈਸਟ ਹਿੱਲ ਏਰੀਆ ਵਿੱਚ ਐਗਲਿੰਟਨ ਐਵਨਿਊ ਵੈਸਟ ਤੇ ਸਪੈਡਿਨਾ ਰੋਡ ਏਰੀਆ ਵਿੱਚੋਂ ਕਿਸੇ ਦੇ ਚੋਰੀ ਨਾਲ ਘਰ ਵਿੱਚ ਦਾਖਲ ਹੋਣ ਦੀ ਕਾਲ ਮਿਲੀ। ਪੁਲਿਸ ਵੱਲੋਂ ਕੀਤੀ ਗਈ ਜਾਂਚ ਵਿੱਚ ਪਾਇਆ ਗਿਆ ਕਿ ਮਸ਼ਕੂਕ ਤੇ ਉਸ ਦੇ ਦੋ ਸਾਥੀ ਇੱਕ ਘਰ ਵਿੱਚ ਗਏ ਜਿੱਥੇ ਉਨ੍ਹਾਂ ਘਰ ਦੇ ਅੰਦਰ ਤੇ ਗੱਡੀ ਦੀ ਖਿੜਕੀ ਵਿੱਚੋਂ ਝਾਕਿਆ, ਫਿਰ ਖਿੜਕੀ ਉੱਤੇ ਲੱਗਿਆ ਤਾਰਾਂ ਵਾਲਾ ਜਾਲ ਹਟਾਇਆ ਤੇ ਇੱਕ ਮਸ਼ਕੂਕ ਘਰ ਦੇ ਬੈਕਯਾਰਡ ਵਿੱਚੋਂ ਫੈਂਸ ਟੱਪ ਕੇ ਘਰ ਵਿੱਚ ਦਾਖਲ ਹੋ ਗਿਆ ਤੇ ਘਰ ਦੇ ਪਿਛਲੇ ਦਰਵਾਜੇ ਵੱਲ ਗਿਆ।

ਮਸ਼ਕੂਕ ਨੇ ਜਦੋਂ ਘਰ ਦੇ ਪਿਛਲੇ ਦਰਵਾਜ਼ੇ ਉੱਤੇ ਲੱਗਿਆ ਗਲਾਸ ਪੇਨ ਤੋੜਿਆ ਤਾਂ ਘਰ ਦੇ ਜਾਗ ਗਏ। ਫਿਰ ਇਹ ਗਰੁੱਪ ਇੱਥੋਂ ਫਰਾਰ ਹੋ ਗਿਆ। ਇਸ ਤੋਂ ਦੋ ਦਿਨ ਬਾਅਦ 30 ਜੁਲਾਈ ਨੂੰ ਸਵੇਰੇ 3:00 ਵਜੇ ਅਧਿਕਾਰੀਆਂ ਨੂੰ ਓਰੀਓਲ ਪਾਰਕਵੇਅ ਤੇ ਕਿਲਬੈਰੀ ਰੋਡ ਏਰੀਆ ਤੋਂ ਕਾਲ ਮਿਲੀ। ਪਤਾ ਲੱਗਿਆ ਕਿ ਇਸ ਫੜ੍ਹੇ ਗਏ ਲੜਕੇ ਸਮੇਤ ਇੱਕ ਹੋਰ ਮਸ਼ਕੂਕ ਕਾਲੇ ਕੱਪੜੇ, ਹੁਡੀਜ਼ ਪਾ ਕੇ ਤੇ ਮੂੰਹ ਢੱਕ ਕੇ ਇੱਕ ਘਰ ਵਿੱਚ ਪਹੁੰਚੇ। ਦੋਵਾਂ ਮਸ਼ਕੂਕਾਂ ਨੇ ਡਰਾਈਵਵੇਅ ਵਿੱਚ ਖੜ੍ਹੀਆਂ ਦੋ ਗੱਡੀਆਂ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਕੋਈ ਸਫਲਤਾ ਨਹੀਂ ਮਿਲੀ।


ਫਿਰ ਮਸ਼ਕੂਕਾਂ ਨੇ ਘਰ ਦੇ ਸਾਹਮਣੇ ਵਾਲੇ ਦਰਵਾਜ਼ੇ ਤੋਂ ਘਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੇ ਘਰ ਦੀ ਖਿੜਕੀ ਵਿੱਚੋਂ ਟੌਰਚ ਨਾਲ ਝਾਕ ਕੇ ਵੇਖਿਆ ਪਰ ਫਿਰ ਬਾਹਰੋਂ ਹੀ ਭੱਜ ਗਏ। ਇਸੇ ਤਰ੍ਹਾਂ 23 ਅਕਤੂਬਰ ਨੂੰ ਵੀ ਪੁਲਿਸ ਨੂੰ ਇਟੋਬੀਕੋ ਵਿੱਚ ਐਗਲਿੰਟਨ ਐਵਨਿਊ ਵੈਸਟ ਤੇ ਇਸਲਿੰਗਟਨ ਐਵਨਿਊ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਤਿੰਨ ਮਸ਼ਕੂਕ ਇੱਕ ਘਰ ਵਿੱਚ ਪਹੁੰਚੇ ਤੇ ਉਨ੍ਹਾਂ ਕੋਈ ਚੀਜ਼ ਸੁੱਟ ਕੇ ਸਾਹਮਣੇ ਵਾਲੇ ਦਰਵਾਜ਼ੇ ਦਾ ਕੱਚ ਤੋੜ ਦਿੱਤਾ। ਫਿਰ ਮਸ਼ਕੂਕ ਘਰ ਦੇ ਅੰਦਰ ਦਾਖਲ ਹੋਏ ਤੇ ਉਨ੍ਹਾਂ ਘਰ ਦੇ ਮਾਲਕ ਤੋਂ ਨਕਦੀ ਤੇ ਗੱਡੀ ਦੀਆਂ ਚਾਬੀਆਂ ਮੰਗੀਆਂ। ਫਿਰ ਮਸ਼ਕੂਕ ਗੈਰਾਜ ਦਾ ਦਰਵਾਜ਼ਾ ਭੰਨ ਕੇ ਗੱਡੀ ਚੋਰੀ ਕਰਕੇ ਫਰਾਰ ਹੋ ਗਏ। ਇਸ ਘਟਨਾ ਵਿੱਚ ਕੋਈ ਜ਼ਖ਼ਮੀ ਨਹੀਂ ਹੋਇਆ।

29 ਅਕਤੂਬਰ ਨੂੰ ਜਾਂਚਕਾਰਾਂ ਨੇ ਦੱਸਿਆ ਕਿ ਪ੍ਰੋਵਿੰਸ਼ੀਅਲ ਕਾਰਜੈਕਿੰਗ ਟਾਸਕ ਫੋਰਸ ਨੇ 18 ਸਾਲਾਂ ਦੇ ਟੋਰਾਂਟੋ ਵਾਸੀ ਗੁਲਾਮ ਸਖੀ ਸੈਂਗਰ ਨੂੰ ਗ੍ਰਿਫਤਾਰ ਕੀਤਾ। ਉਸ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਲੰਡਨ ਵਿਚ ਗੁਰਦਾਸਪੁਰ ਦੀ ਲੜਕੀ ਦਾ ਕਤਲ, ਮਾਂ ਨੇ ਕਿਹਾ: ਜਵਾਈ ਕਈ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਚੁੱਕਾ ਸੀ

ਗੁਰਦਾਸਪੁਰ, 31 ਅਕਤੂਬਰ (ਪੋਸਟ ਬਿਊਰੋ): ਗੁਰਦਾਸਪੁਰ ਦੀ ਰਹਿਣ ਵਾਲੀ ਇੱਕ ਲੜਕੀ ਦਾ ਲੰਡਨ ਵਿੱਚ ਆਪਣੇ ਹੀ ਪਤੀ ਨੇ ਚਾਕੂ ਮਾਰ ਕੇ ਕਤਲ ਕਰ ਦਿੱਤਾ। ਮ੍ਰਿਤਕ ਦੀ ਪਹਿਚਾਣ ਮਹਿਕ ਸ਼ਰਮਾ (19) ਵਾਸੀ ਪਿੰਡ ਜੋਗੀ ਚੀਮਾ ਵਜੋਂ ਹੋਈ ਹੈ।

ਮਹਿਕ ਦੀ ਮਾਂ ਮਧੂਬਾਲਾ ਨੇ ਦੱਸਿਆ ਕਿ ਉਹ ਵਿਧਵਾ ਹੈ। ਉਸ ਦੀ ਲੜਕੀ ਮਹਿਕ ਸ਼ਰਮਾ ਦਾ ਵਿਆਹ 24 ਜੂਨ 2022 ਨੂੰ ਸਾਹਿਲ ਸ਼ਰਮਾ ਪੁੱਤਰ ਲਲਿਤ ਕੁਮਾਰ ਵਾਸੀ ਨਿਊ ਸੰਤ ਨਗਰ ਗੁਰਦਾਸਪੁਰ ਨਾਲ ਹੋਇਆ ਸੀ। ਉਸ ਦੀ ਬੇਟੀ ਨੇ 12ਵੀਂ ਤੱਕ ਪੜ੍ਹਾਈ ਕੀਤੀ ਹੈ। 20 ਨਵੰਬਰ 2022 ਨੂੰ ਉਹ ਸਟੱਡੀ ਵੀਜ਼ੇ 'ਤੇ ਲੰਡਨ ਗਈ ਸੀ। ਕੁਝ ਮਹੀਨਿਆਂ ਬਾਅਦ ਉਸ ਦਾ ਪਤੀ ਸਾਹਿਲ ਸ਼ਰਮਾ ਸਪਾਊਸ ਵੀਜ਼ੇ 'ਤੇ ਉਸ ਨਾਲ ਜੁੜਨ ਲਈ ਲੰਡਨ ਆਇਆ। ਮਹਿਕ ਸ਼ਰਮਾ ਨੇ ਆਪਣੀ ਪੜ੍ਹਾਈ ਨੂੰ



ਸਕਿਲਡ ਵਰਕਰ ਵਰਕ ਪਰਮਿਟ ਵਿੱਚ ਤਬਦੀਲ ਕਰ ਲਿਆ ਸੀ। ਇਸ ਸਮੇਂ ਉਹ ਫੈਬੂਲਸ ਹੋਮ ਕੇਅਰ ਲਿਮਟਿਡ ਵਿੱਚ ਕੇਅਰਟੇਕਰ ਵਜੋਂ ਕੰਮ ਕਰ ਰਹੀ ਸੀ। ਮਧੂਬਾਲਾ ਨੇ ਦੱਸਿਆ ਕਿ ਇਹ ਕਤਲ ਉਸ ਦੇ ਜਵਾਈ ਸਾਹਿਲ ਸ਼ਰਮਾ ਨੇ ਕੀਤਾ ਹੈ। ਇਸ ਸਬੰਧੀ ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਲੜਕੀ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ ਜਾਵੇ।

ਇਸ ਮਾਮਲੇ ਵਿੱਚ ਐੱਸ.ਐਸ.ਪੀ ਬਟਾਲਾ ਅਸ਼ਵਨੀ ਗੋਟਿਆਲ ਨੇ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ ਹੈ।

## ਅੱਜ ਨਾਮਾ

ਗੱਲ ਜਾਸੂਸੀ ਦੀ ਚੱਲੀ ਫਿਰ ਦੇਸ਼ ਅੰਦਰ,
ਲੱਗਦੇ ਆ ਦੋਸ਼ ਤੇ ਹੁੰਦੇ ਪਏ ਰੱਦ ਬੇਲੀ।
ਵਿਰੋਧੀ ਲੀਡਰ ਆ ਗੁੱਸੇ ਦੇ ਨਾਲ ਭੜਕੇ,
ਕਹਿੰਦੇ ਟੱਪੀ ਗਈ ਸਾਰੀ ਆ ਹੱਦ ਬੇਲੀ।
ਕਿਹਾ ਸਰਕਾਰ ਕਿ ਗਲਤ ਨਾ ਕੁਝ ਕੀਤਾ,
ਚਿੰਗਾੜੀ ਬਿਨਾਂ ਇਹ ਧੂੰਏਂ ਦੀ ਮੱਦ ਬੇਲੀ।
ਚੱਲਦੀ ਪਿਛਲੀ ਸਰਕਾਰ ਸੀ ਇਹ ਚਾਲਾਂ,
ਉਨ੍ਹਾਂ ਚਾਲਾਂ ਦਾ ਵਕਤ ਗਿਆ ਲੱਦ ਬੇਲੀ।
ਇੱਕ ਨੇ ਦੋਸ਼ ਲਾਇਆ, ਦੂਜੇ ਰੱਦ ਕੀਤਾ,
ਪਹਿਲੜੀ ਠੀਕ ਆ ਦੂਜੀ ਵੀ ਠੀਕ ਬੇਲੀ।
ਲੁਕਵੀਂ ਗੱਲ ਦਾ ਦੱਸੇ ਫਿਰ ਭੇਦ ਜਿਹੜਾ,
ਇਹੋ ਜਿਹਾ ਦਿੱਸੇ ਨਾ ਕੋਈ ਫਰੀਕ ਬੇਲੀ।

**ਤੀਸ ਮਾਰ ਖਾਂ**

# ਹਮਾਸ ਦੀ ਗ੍ਰਿਫਤ ਵਿਚੋਂ ਛੁੱਟਕੇ ਗਈ ਇਜ਼ਰਾਈਲੀ ਮਹਿਲਾ ਫੌਜੀ

ਤਲਅਵੀਵ, 31 ਅਕਤੂਬਰ (ਪੋਸਟ ਬਿਊਰੋ): 7 ਅਕਤੂਬਰ ਨੂੰ ਇਜ਼ਰਾਈਲ 'ਤੇ ਹੋਏ ਹਮਲੇ ਤੋਂ ਬਾਅਦ ਹਮਾਸ ਨੇ ਸੈਂਕੜੇ ਬੱਚਿਆਂ ਅਤੇ ਔਰਤਾਂ ਨੂੰ ਅਗਵਾ ਕਰ ਲਿਆ। ਉਨ੍ਹਾਂ ਨੂੰ ਨਿਰਬਸਤਰ ਘੁੰਮਾਇਆ। ਮਾਂ-ਬਾਪ ਦੇ ਸਾਹਮਣੇ ਧੀ ਨਾਲ ਬਲਾਤਕਾਰ ਕੀਤਾ ਗਿਆ, ਮਾਂ-ਬਾਪ ਦੇ ਸਾਹਮਣੇ ਬੱਚਿਆਂ ਦਾ ਕਤਲ ਕਰ ਦਿੱਤਾ ਗਿਆ। ਪਤੀ ਦੇ ਸਾਹਮਣੇ ਪਤਨੀ ਨਾਲ ਬਲਾਤਕਾਰ ਫਿਰ ਸਾਰਿਆਂ ਨੂੰ ਮਾਰ ਦਿੱਤਾ। ਕਤਲੇਆਮ ਤੋਂ ਬਚਣ ਵਾਲੇ ਇਜ਼ਰਾਈਲੀਆਂ ਨੂੰ



ਹੁਣ ਤੱਕ ਅਣਗਿਣਤ ਤਸੀਹੇ ਦਿੱਤੇ ਗਏ ਸਨ। ਹਮਾਸ ਦੇ ਚੁੰਗਲ ਵਿੱਚ ਅੱਜ ਵੀ ਸੈਂਕੜੇ ਜਾਨਾਂ ਫਸੀਆਂ ਹੋਈਆਂ ਹਨ। ਅਜਿਹੀ ਹੀ ਇੱਕ ਇਜ਼ਰਾਈਲੀ ਲੜਕੀ, ਜੋਕਿ ਫੌਜ ਵਿੱਚ ਸੀ, ਜਦੋਂ ਹਮਾਸ ਦੇ ਚੁੰਗਲ ਵਿੱਚੋਂ ਨਿਕਲ ਕੇ ਘਰ ਆਈ ਤਾਂ ਉਸਦਾ ਪਰਿਵਾਰ ਬਹੁਤ ਭਾਵੁਕ ਹੋ ਗਿਆ। ਉਸਨੇ ਘਰ ਵਿੱਚ ਸ਼ੰਖ ਵਜਾ ਕੇ ਆਪਣੀ ਧੀ ਦੀ ਵਾਪਸੀ ਦਾ ਸਵਾਗਤ ਕੀਤਾ।

ਇਜ਼ਰਾਈਲ ਦੇ ਅਧਿਕਾਰਤ ਐਕਸ ਅਕਾਊਂਟ ਨੇ ਲੜਕੀ ਦੇ ਅਗਵਾ ਤੋਂ ਛੁਡਵਾ ਕੇ ਘਰ ਆਉਣ ਦੀ ਵੀਡੀਓ ਪੋਸਟ ਕੀਤੀ ਹੈ। ਲਿਖਿਆ ਹੈ ਕਿ 7 ਅਕਤੂਬਰ ਨੂੰ ਜਿਸ ਪਲ ਹਮਾਸ ਨੇ ਇਜ਼ਰਾਈਲ 'ਤੇ ਹਮਲਾ ਕੀਤਾ, ਓਰੀ ਮੇਗਿਦੀਸ਼ ਨੂੰ ਅਗਵਾ ਕਰ ਲਿਆ ਗਿਆ। ਉਹ ਇਜ਼ਰਾਈਲੀ ਫੌਜ ਵਿੱਚ ਸੀ। ਹੁਣ, ਅਣਥੱਕ ਕੋਸ਼ਿਸ਼ਾਂ ਤੋਂ ਬਾਅਦ, ਮੇਗੀਦੀਸ਼ ਨੂੰ ਹਮਾਸ ਦੇ ਚੁੰਗਲ ਤੋਂ ਆਜ਼ਾਦ ਕਰਵਾਇਆ ਗਿਆ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਨੇ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ। ਇਜ਼ਰਾਈਲ ਨੇ ਲਿਖਿਆ ਕਿ ਇਸੇ ਤਰ੍ਹਾਂ ਅਸੀਂ ਆਪਣੇ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਉਨ੍ਹਾਂ ਦੇ ਘਰ ਲਿਆਉਣ ਦੀ ਹਰ ਸੰਭਵ ਕੋਸ਼ਿਸ਼ ਕਰਾਂਗੇ।






















# ਹਰਜੀਤ ਸਿੰਘ ਸੰਧੂ ਬਾਰੇ ਡਾ. ਸਰੋਜ਼ ਰਾਣੀ ਵੱਲੋਂ ਲਿਖੀ ਕਿਤਾਬ ਲੋਕ ਅਰਪਣ





ਬਰੈਂਪਟਨ, 31 ਅਕਤੂਬਰ (ਗਿਆਨ ਸਿੰਘ): ਸਿਟੀ ਹਾਲ ਬਰਹਮਟਨ ਵਿਖੇ ਡਾਕਟਰ ਸਰੋਜ਼ ਰਾਣੀ ਵਲੋਂ ਮਹਾਨ ਮੋਜੇਕ ਕਲਾਕਾਰ ਹਰਜੀਤ ਸਿੰਘ ਸੰਧੂ ਬਾਰੇ ਲਿਖੀ ਅਤੇ ਚੇਤਨਾ ਪ੍ਰਕਾਸ਼ਨ ਪੁਸਤਕ ਛਾਪੀ ਪੁਸਤਕ ਮੇਅਰ ਪੈਟਰਿਕ ਬਰਾਊਨ ਨੇ ਲੋਕ ਅਰਪਣ ਕੀਤੀ। ਇਸ ਸਮਾਗਮ ਵਿਚ ਸ ਗੁਰਬਖਸ਼ ਸਿੰਘ ਮੱਲੀ ਸਾਬਕਾ ਮੈਬਰ ਪਾਰਲੀਮੈਂਟ, ਸ ਪਿਆਰਾ ਸਿੰਘ ਪ੍ਰੈਜ਼ੀਡੈਂਟ, ਸ ਪਰਮਜੀਤ ਸਿੰਘ ਕਾਹਲੋਂ ਪ੍ਰੈਜ਼ੀਡੈਂਟ, ਸ ਅਮੀਤ ਸਿੰਘ ਢਿੱਲੋਂ, ਪ੍ਰਿੰਸੀਪਲ ਸਰਵਣ ਸਿੰਘ,ਸ ਪੂਰਨ ਸਿੰਘ ਪਾਂਧੀ, ਸ ਜੀਵਨ ਸਿੰਘ ਗਿੱਲ ਪ੍ਰੈਜ਼ੀਡੈਂਟ ਵਿੰਡਸਰ ਤੇ ਬੀਬੀ ਮਨਧੀਰ ਕੌਰ ਮੰਨੂ ਸੰਚਾਲਕ ਰੇਡੀਓ/ਟੀਵੀ ਆਪਣਾ ਵਿੰਨੀਪਿਗ ਪ੍ਰਧਾਨਗੀ ਮੰਡਲ ਵਿਚ ਸਾਮਲ ਸਨ।

ਹਰਜੀਤ ਸਿੰਘ ਸੰਧੂ ਨੇ ਆਪਣੀਆਂ ਕਲਾ ਕ੍ਰਿਤਾਂ ਦੀ ਸਿਟੀ ਹਾਲ ਵਿਚ ਪ੍ਰਦਰਸ਼ਨੀ ਲਗਾਈ ਜਿਸ ਨੂੰ ਵੇਖਣ ਲਈ ਵੱਡੀ ਗਿਣਤੀ ਵਿਚ ਕਲਾ ਦੀ ਸੂਝਬੂਝ ਵਾਲੇ ਲਿਖਾਰੀ, ਕਲਾਕਾਰ ਪਹੁੰਚੇ ਹੋਏ ਸਨ।

ਮੇਅਰ ਮਿਸਟਰ ਪੈਟਰਿਕ ਬਰਾਊਨ ਨੇ ਪੁਸਤਕ ਲੋਕ ਅਰਪਣ ਕਰਦੇ ਹੋਏ ਅਤੇ ਚੰਗੀ ਤਰਾਂ ਕਿਤਾਬ ਨੂੰ ਵੇਖ ਕੇ ਸਿਟੀ ਹਾਲ ਲਾਇਬਰੇਰੀ ਵਿਚ ਰੱਖਣ ਦਾ ਫੈਸਲਾ ਕੀਤਾ ਤੇ ਆਖਿਆ ਕਿ ਉਹਨਾਂ ਖੁਦ ਕਿਤਾਬ ਆਪਣੇ ਕੋਲ ਨਹੀ ਰੱਖਣੀ , ਸਗੋਂ ਲਾਇਬਰੇਰੀ ਵਿਚ ਰੱਖ ਦੇਵਾਂਗਾ ਤਾਂ ਕਿ "ਸਿੱਖ ਮੋਜਾਇਕ ਆਰਟਿਸਟ" ਬਾਰੇ ਇਥੋਂ ਦੇ ਲੋਕਾਂ ਨੂੰ ਪਤਾ ਲੱਗ ਸਕੇ।

ਮੇਅਰ ਮਿਸਟਰ ਪੈਟਰਿਕ ਬਰਾਊਨ ਪੁਸਤਕ ਲੋਕ ਅਰਪਣ ਕਰਦਿਆਂ ਪ੍ਰਭਾਵਿਤ ਹੋਏ ਅਤੇ ਚੰਗੀ ਤਰਾਂ ਕਿਤਾਬ ਨੂੰ ਵੇਖ ਕੇ ਸਿਟੀ ਹਾਲ ਲਾਇਬਰੇਰੀ ਵਿਚ ਰੱਖਣ ਦਾ ਫੈਸਲਾ ਕੀਤਾ ਤੇ ਆਖਿਆ ਕਿ ਉਹਨਾਂ ਖੁਦ ਆਪਣੇ ਕੋਲ ਨਹੀ ਰੱਖਣੀ ਸਗੋ ਲਾਇਬਰੇਰੀ ਵਿਚ ਰੱਖ ਦੇਵਾਂਗਾ ਤਾਂ ਕਿ "ਸਿੱਖ ਮੋਜਾਇਕ ਆਰਟਿਸਟ ਬਾਰੇ ਇਥੋਂ ਦੇ ਲੋਕਾਂ ਨੂੰ ਪਤਾ ਲੱਗ ਸਕੇ। ਇਸ ਸਮਾਰੋਹ ਨੂੰ ਕਾਮਯਾਬ ਕਰਨ ਵਿਚ ਹਰਜੀਤ ਸਿੰਘ ਸੰਧੂ ਜੋ ਨਿਊਯਾਰਕ ਤੋ ਹੈ, ਉਸਦੇ ਬਚਪਨ ਦੇ ਸਾਥੀਆਂ ਨੇ ਸ ਸੁਖਦੇਵ ਸਿੰਘ ਢਿੱਲੋਂ, ਸ ਪਰਮਜੀਤ ਸਿੰਘ ਸਿੱਧੂ, ਬਿੰਦੂ ਬਰਾੜ, ਗੁਰਬਖਸ ਸਿੰਘ ਮੱਲੀ. ਜਗਜੀਤ ਸਿੰਘ ਗਿੱਲ, ਗੁਰਦੇਵ ਸਿੰਘ ਸੱਗੂ, ਸੋਮਾ ਸ਼ਰਮਾ, ਜਸਵਿੰਦਰ ਜੱਸਲ ਨੇ ਸਹਿਯੋਗ ਦਿੱਤਾ।

ਸੰਧੂ ਨੇ ਕਿਹਾ ਕਿ ਅੱਜ ਉਹਨਾਂ ਨੂੰ ਦੁਨੀਆਂ ਵਿਚ ਸੋਹਰਤ ਪ੍ਰਾਪਤ ਹੋ ਰਹੀ ਹੈ, ਉਸ ਵਿਚ ਉਹਨਾਂ ਦੇ ਗੁਰੂਜਨ ਦਾ ਹੱਥ ਹੈ! ਨਹੀ ਤਾਂ ਆਮ ਜਿਹੀ ਜਿੰਦਗੀ ਬਸਰ ਕਰਕੇ ਤੁਰ ਜਾਣਾ ਸੀ।




## 'ਸਰਾਭਾ' ਪੰਜਾਬੀ ਫ਼ਿਲਮ 3 ਨਵੰਬਰ ਨੂੰ ਰੀਲੀਜ਼ ਹੋ ਰਹੀ ਹੈ। ਦਰਸ਼ਕ ਕੈਨੇਡਾ ਵਿਚ ਹੇਠ ਲਿਖੇ ਸਿਨੇਮਾਂਘਰਾਂ ਵਿਚ ਇਸ ਫ਼ਿਲਮ ਨੂੰ ਦੇਖ ਸਕਦੇ ਹਨ

| CIRCUIT | THEATRE | CITY | PROV |
|---|---|---|---|
| CINEPLEX ENTERTAINMENT | ODEON SUNRIDGE SPECTRUM | CALGARY | AB |
| CINEPLEX ENTERTAINMENT | CINEPLEX CINEMAS MANNING TOWN CENTRE | EDMONTON | AB |
| CINEPLEX ENTERTAINMENT | SILVERCITY MISSION | MISSION | BC |
| CINEPLEX ENTERTAINMENT | CINEPLEX CINEMAS STRAWBERRY HILL | SURREY | BC |
| CINEPLEX ENTERTAINMENT | CINEMA CITY NORTHGATE | WINNIPEG | MB |
| CINEPLEX ENTERTAINMENT | CINEPLEX CINEMAS TRINITY DRIVE | MONCTON | NB |
| CINEPLEX ENTERTAINMENT | CINEPLEX CINEMAS PARK LANE | HALIFAX | NS |
| CINEPLEX ENTERTAINMENT | CINEPLEX AJAX | AJAX | ON |
| CINEPLEX ENTERTAINMENT | SILVERCITY BRAMPTON | BRAMPTON | ON |
| CINEPLEX ENTERTAINMENT | CINEPLEX CINEMAS COURTNEY PARK | MISSISSAUGA | ON |
| CINEPLEX ENTERTAINMENT | CINEPLEX CINEMAS WINSTON CHURCHILL | OAKVILLE | ON |
| CINEPLEX ENTERTAINMENT | ODEON SOUTH KEYS | OTTAWA | ON |
| CINEPLEX ENTERTAINMENT | ODEON EGLINTON TOWN CENTRE | SCARBOROUGH | ON |
| CINEPLEX ENTERTAINMENT | CINEPLEX CINEMAS YONGE-DUNDAS & VIP | TORONTO | ON |
| CINEPLEX ENTERTAINMENT | GALAXY WATERLOO | WATERLOO | ON |
| CINEPLEX ENTERTAINMENT | ODEON DEVONSHIRE MALL | WINDSOR | ON |
| CINEPLEX ENTERTAINMENT | CINEPLEX CINEMAS VAUGHAN | WOODBRIDGE | ON |
| CINEPLEX ENTERTAINMENT | CINEPLEX CINEMAS CHARLOTTETOWN | CHARLOTTETOWN | PEI |
| CINEPLEX ENTERTAINMENT | CINEPLEX FORUM | MONTREAL | QC |
| CINEPLEX ENTERTAINMENT | CINEPLEX CINEMAS NORMANVIEW | REGINA | SK |
| CINEPLEX ENTERTAINMENT | SCOTIABANK THEATRE SASKATOON & VIP | SASKATOON | SK |

REXDALE BODY SHOP
USED CAR SALE
Specialization In:
* All Kinds of Body Work
* Auto Glass Windshield
* Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Office: 416-654-1010
Sutton
Sutton Group Security Real Estate Brokerage
2700 Dufferin St #47, Toronto ON M6B4J3
"For all your real estate needs"
Anabela Serra
Sales Representative
416-400-5825
anabelserra75@gmail.com

98 JOHN ST E
Bradford West Gwillimbury, Ontario L3Z1G4
$1,149,000
A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters

97 JOHN ST E
Bradford West Gwillimbury, Ontario L3Z2B5
$1,089,000
A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8
$799,000
**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0
$799,000
Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8
$499,000
Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਬੁਲੰਦੀਆਂ ਛੋਹ ਗਿਆ, ਮੇਲਾ ਗ਼ਦਰੀ ਬਾਬਿਆਂ ਦਾ




ਜਲੰਧਰ, 31 ਅਕਤੂਬਰ (ਗਿਆਨ ਸਿੰਘ): ਗ਼ਦਰੀ ਬਾਬਿਆਂ ਦੇ ਮੇਲੇ ਦੇ ਦੂਜੇ ਦਿਨ ਕੁਇਜ਼, ਪੇਂਟਿੰਗ ਮੁਕਾਬਲਾ, ਵਿਚਾਰ-ਚਰਚਾ ਦਾ ਕੌਮੀ ਸੰਮੇਲਨ, ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਡਾ. ਸੁਰਜੀਤ ਪਾਤਰ, ਸਤਨਾਮ ਮਾਣਕ, ਗੁਰਪ੍ਰੀਤ ਬਠਿੰਡਾ, ਗੁਰਦੀਸ਼, ਰਵਿੰਦਰ ਰਵੀ, ਇੰਦਰਜੀਤ ਅਤੇ ਰਣਜੋਧ ਸਿੰਘ ਹਾਜ਼ਰ ਸਨ। ਪੁਸਤਕ ਲੋਕ ਅਰਪਣ ਸਮਾਗਮ ਅਤੇ ਕਵੀ ਦਰਬਾਰ ਦੇ ਰੰਗਾਂ ਨੇ ਮੇਲੇ ਨੂੰ ਬਹੁਰੰਗਾਂ 'ਚ ਰੰਗ ਦਿੱਤਾ।

ਅੱਜ ਦੇ ਦਿਨ-ਸ਼ਾਮ ਦੇ ਸਮਾਗਮਾਂ ਦਾ ਆਗਾਜ਼ ਨਾਲ ਸ਼ਮਾਂ ਰੌਸ਼ਨ ਕਰਨ ਨਾਲ ਹੋਇਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਖਜ਼ਾਨਚੀ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਡਾ. ਪਰਮਿੰਦਰ, ਕੁਲਬੀਰ ਸਿੰਘ ਸੰਘੇੜਾ, ਮੰਗਤ ਰਾਮ ਪਾਸਲਾ, ਹਰਵਿੰਦਰ ਭੰਡਾਲ, ਪ੍ਰਗਟ ਸਿੰਘ ਜਾਮਾਰਾਏ, ਕ੍ਰਿਸ਼ਨਾ, ਹਰਮੇਸ਼ ਮਾਲੜੀ, ਹਰਦੇਵ ਅਰਸ਼ੀ, ਜਗਰੂਪ, ਰਮਿੰਦਰ ਪਟਿਆਲਾ, ਬਲਵੀਰ ਕੌਰ ਬੁੰਡਾਲਾ, ਦਰਸ਼ਨ ਖਟਕੜ, ਦੇਵਰਾਜ ਨਯੀਅਰ, ਵਿਜੈ ਬੰਬੇਲੀ, ਡਾ. ਸੈਲੇਸ਼, ਸੁਖਦੇਵ ਸਿਰਸਾ, ਐਡਵੋਕੇਟ ਰਾਜਿੰਦਰ ਮੰਡ ਅਤੇ ਪ੍ਰੋ. ਤੇਜਿੰਦਰ ਵਿਰਲੀ ਵੀ ਹਾਜ਼ਰ ਸਨ।

ਕੁਇਜ਼ ਮੁਕਾਬਲੇ ਵਿੱਚ 30 ਟੀਮਾਂ ਦੇ 100 ਪ੍ਰਤੀਯੋਗੀਆਂ ਨੇ ਭਾਗ ਲਿਆ। ਮੁੱਢਲੀ ਪ੍ਰੀਖਿਆ ਵਿਚੋਂ ਜੇਤੂ ਉਪਰਲੀਆਂ ਪੰਜ ਟੀਮਾਂ ਵਿੱਚ ਫਸਵਾਂ ਮੁਕਾਬਲਾ ਹੋਇਆ। 'ਗ਼ਦਰੀ ਵੀਰਾਂਗਣਾਂ ਬੀਬੀ ਗੁਲਾਬ ਕੌਰ' ਲੇਖਕ ਚਰੰਜੀ ਲਾਲ ਕੰਗਣੀਵਾਲ ਦੀ ਪੁਸਤਕ 'ਤੇ ਸੁਆਲ ਜਵਾਬ ਹੋਏ।

ਇਸ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕ੍ਰਮਵਾਰ ਗੁਰੂ ਹਰਗੋਬਿੰਦ ਪਬਲਿਕ ਸੀ.ਸੈਕ. ਸਕੂਲ ਜੌੜਕੀਆਂ ( ਮ ਾ ਨ ਸ ਾ ) , ਐਸ.ਟੀ.ਆਰ.ਟੀ.ਡੀ.ਏ.ਵੀ. ਸਕੂਲ ਬਿਲਗਾ ਅਤੇ ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ ਸ਼ੇਖ਼ੂਪੁਰ (ਡਾਈਟ) ਨੇ ਪ੍ਰਾਪਤ ਕੀਤਾ। ਜੌੜਕੀਆਂ ਦੀ ਹੀ ਇੱਕ ਹੋਰ ਟੀਮ ਨੂੰ ਹੌਸਲਾ ਵਧਾਊ ਇਨਾਮ ਦਿੱਤਾ ਗਿਆ। ਕੁਇਜ਼ ਮੁਕਾਬਲੇ ਦਾ ਮੰਚ ਸੰਚਾਲਨ ਹਰਵਿੰਦਰ ਭੰਡਾਲ ਨੇ ਕੀਤਾ।

ਪੇਂਟਿੰਗ ਮੁਕਾਬਲੇ ਦੇ ਸੀਨੀਅਰ ਗਰੁੱਪ ਵਿੱਚ ਪਹਿਲਾ ਸਥਾਨ ਸੁਖਰਾਜਬੀਰ ਸਿੰਘ (ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ), ਦੂਜਾ ਸਥਾਨ ਅਭੀਗਿਆਨ (ਲਾਲਾ ਜਗਤ ਨਰਾਇਣ ਡੀ.ਏ.ਵੀ.ਮਾਡਲ ਸਕੂਲ) ਅਤੇ ਤੀਜਾ ਸਥਾਨ ਪ੍ਰਭਜੋਤ (ਲਾਇਲਪੁਰ ਖਾਲਸਾ ਕਾਲਜ, ਜਲੰਧਰ) ਨੇ ਪ੍ਰਾਪਤ ਕੀਤਾ।

ਚਿਤਰਕਲਾ ਦੇ ਜੂਨੀਅਰ ਗਰੁੱਪ ਵਿੱਚ ਪਹਿਲਾ ਸਥਾਨ ਅਭੀਸ਼ੇਕ ਕੁਮਾਰ (ਲਾਇਲਪੁਰ ਖਾਲਸਾ ਕਾਲਜ, ਜਲੰਧਰ), ਦੂਜਾ ਸਥਾਨ ਅੰਕਿਤ (ਲਾਲਾ ਜਗਤ ਨਰੈਣ ਡੀ.ਏ.ਵੀ. ਮਾਡਲ ਸਕੂਲ) ਅਤੇ ਤੀਸਰਾ ਸਥਾਨ ਹਰਮਨ ਕੁਮਾਰ (ਐਸ.ਆਰ.ਟੀ. ਡੀ.ਏ.ਵੀ. ਪਬਲਿਕ ਸਕੂਲ, ਬਿਲਗਾ) ਨੇ ਪ੍ਰਾਪਤ ਕੀਤਾ।

ਚਿਤਰਕਲਾ ਦੇ ਸਬ-ਜੂਨੀਅਰ ਗਰੁੱਪ ਵਿੱਚ ਪਹਿਲਾ ਸਥਾਨ ਵੰਸ਼ਿਕਾ (ਲਾਲਾ ਜਗਤ ਨਰੈਣ ਡੀ.ਏ.ਵੀ. ਮਾਡਲ ਸਕੂਲ), ਦੂਜਾ ਸਥਾਨ ਪਲਕ (ਗੀਤਾ ਮੰਦਿਰ ਮੈਮੋਰੀਅਲ ਸਕੂਲ) ਅਤੇ ਤੀਜਾ ਸਥਾਨ ਆਂਚਲ (ਗੀਤਾ ਮੰਦਿਰ ਮੈਮੋਰੀਅਲ ਸਕੂਲ) ਨੇ ਪ੍ਰਾਪਤ ਕੀਤਾ।

ਜੇਤੂਆਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਇਨਾਮ-ਸਨਮਾਨ ਨਾਲ ਨਿਵਾਜਿਆ ਗਿਆ। ਇਸ ਮੌਕੇ ਪੇਂਟਿੰਗ ਮੁਕਾਬਲੇ ਦੇ ਗੁਰਦੀਸ਼ ਜਲੰਧਰ, ਇੰਦਰਜੀਤ, ਮੰਜ਼ਿਲ ਸਮੇਤ ਗੁਰਪ੍ਰੀਤ ਬਠਿੰਡਾ, ਪੇਂਟਿੰਗ ਮੁਕਾਬਲਾ ਦੇ ਕਨਵੀਨਰ ਡਾ. ਸੈਲੇਸ਼, ਸਹਿਯੋਗੀ ਵਿਜੈ ਬੰਬੇਲੀ ਸ਼ਾਮਲ ਸਨ। ਡਾ. ਸੈਲੇਸ਼ ਦੀ ਮੰਚ ਸੰਚਾਲਨ 'ਚ ਇਨਾਮ-ਸਨਮਾਨ ਸਮਾਰੋਹ ਤੋਂ ਪਹਿਲਾਂ ਹੋਈ ਵਿਗਿਆਨਕ ਵਿਚਾਰ-ਚਰਚਾ ਮੌਕੇ ਮੁੱਖ ਵਕਤਾ ਵਜੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਨਰਲ ਸਕੱਤਰ ਰਾਜਿੰਦਰ ਭਦੌੜ ਨੇ ਵਿਗਿਆਨਕ ਸੋਚ ਨੂੰ ਚੁਣੌਤੀਆਂ ਅਤੇ ਸਮੇਂ ਦੇ ਫ਼ਰਜ਼ ਪਹਿਚਾਨਣ ਸਬੰਧੀ ਚਰਚਾ ਕੀਤੀ। ਜੱਜਾਂ ਵੱਲੋਂ ਗੁਰਦੀਸ਼ ਨੇ ਵਿਚਾਰ ਸਾਂਝੇ ਕੀਤੇ।

ਵਿਚਾਰ-ਚਰਚਾ 'ਚ ਮੁੱਖ ਵਕਤਾ ਤੀਸਤਾ ਸੀਤਲਵਾੜ ਅਤੇ ਵਿਨੀਤ ਤਿਵਾੜੀ ਨੇ ਸਮੇਂ ਦੀਆਂ ਚੁਣੌਤੀਆ ਉਘਾੜੀਆਂ। ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੁਆਰਾ ਸੁਆਗਤ ਉਪਰੰਤ ਡਾ. ਸੁਖਦੇਵ ਸਿੰਘ ਸਿਰਸਾ ਨੇ ਦੋਹਾਂ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ। ਮੰਚ ਸੰਚਾਲਨ ਦੀ ਭੂਮਿਕਾ ਨਿਭਾਉਂਦੇ ਹੋਏ ਡਾ. ਪਰਮਿੰਦਰ ਨੇ ਵਿਚਾਰ-ਚਰਚਾ ਦਾ ਉਦੇਸ਼ ਉਘਾੜਿਆ।

ਵਿਚਾਰ-ਚਰਚਾ 'ਚ ਤੀਸਤਾ ਸੀਤਲਵਾੜ ਨੇ ਹੱਕ, ਸੱਚ ਦੀ ਆਵਾਜ਼ ਬੁਲੰਦ ਕਰਨਾ ਸਮੇਂ ਦੀ ਲੋੜ ਨੂੰ ਜ਼ਰੂਰੀ ਦੱਸਿਆ। ਤੀਸਤਾ ਸੀਤਲਵਾੜ ਨੇ ਵਿਮਲਾ ਡਾਂਗ ਜਿਹੀਆਂ ਪੰਜਾਬ ਦੀਆਂ ਜੁਝਾਰੂ ਔਰਤਾਂ, ਗ਼ਦਰੀ ਬਾਬਿਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਗ਼ਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੇ ਇਤਿਹਾਸ ਦੀ ਨਵ-ਸਿਰਜਣਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਦੇਸ਼ ਅਤੇ ਦੁਨੀਆਂ ਅੱਜ ਜਿੰਨੇ ਮੁਸ਼ਕਲ ਦੌਰ ਵਿੱਚ ਹੈ। ਇਸ ਦੌਰ ਵਿੱਚ ਕਾਨੂੰਨ ਅਤੇ ਪੱਤਰਕਾਰੀ ਸਭ ਤੋਂ ਖ਼ਤਰਨਾਕ ਦੌਰ ਵਿੱਚ ਹਨ ਅਤੇ ਇਹ ਆਪਸ ਵਿੱਚ ਜੁੜ ਹੋਏ ਸੁਆਲ ਹਨ। ਇਹ ਹੁਣ ਯੂ.ਏ.ਪੀ.ਏ. ਦਾ ਰੂਪ ਅਖ਼ਤਿਆਰ ਕਰ ਚੁੱਕੇ ਹਨ। ਇਹ ਕਾਨੂੰਨ ਅੱਤਵਾਦ ਦੇ ਖਿਲਾਫ਼ ਨਾ ਹੋ ਕੇ ਜਨਤਾ ਦੇ ਹਰ ਤਰ੍ਹਾਂ ਦੇ ਵਿਰੋਧ, ਪ੍ਰਦਰਸ਼ਨ ਅਤੇ ਪ੍ਰਤਿਰੋਧ ਦੇ ਖਿਲਾਫ਼ ਵਰਤਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ, ਆਦਿਵਾਸੀਆਂ ਦੇ ਹਿੱਤਾਂ ਨੂੰ ਦਰੜ ਕੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕੀਤੀ ਜਾ ਰਹੀ ਹੈ। ਲੋਕਾਂ ਦੀ ਲੜਾਈ ਵਿੱਚ ਪੰਜਾਬ ਹਮੇਸ਼ਾਂ ਮੋਹਰੀ ਰਿਹਾ ਹੈ। ਤੀਸਤਾ ਸੀਤਲਵਾੜ ਨੇ ਸਮਾਜ ਦੇ ਸਭਨਾਂ ਤਬਕਿਆਂ ਖਾਸਕਰ ਵਕੀਲਾਂ ਨੂੰ ਸੱਦਾ ਦਿੱਤਾ ਕਿ ਉਹ ਤਾਨਾਸ਼ਾਹ, ਲੋਕ ਵਿਰੋਧੀ ਤਾਕਤਾਂ ਦੇ ਖਿਲਾਫ਼ ਖੁੱਲ੍ਹ ਕੇ ਅੱਗੇ ਆਉਣ।

ਤੀਸਤਾ ਸੀਤਲਵਾੜ ਨੇ ਕਿਹਾ ਕਿ ਹੁਣ ਖਾਮੋਸ਼ੀ ਨੂੰ ਹਰ ਹਾਲਤ ਵਿੱਚ ਤੋੜਿਆ ਜਾਵੇ ਕਿਉਂਕਿ ਖਾਮੋਸ਼ੀ ਖ਼ਤਰਨਾਕ ਹੁੰਦੀ ਹੈ। ਮੁਸ਼ਕਲ ਦੌਰ ਨੂੰ ਲੜਾਈ ਨਾਲ ਹੀ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਇਹ ਉਮੀਦ ਬਣੀ ਰਹੇਗੀ।

ਦੂਜੇ ਵਕਤਾ ਵਿਨੀਤ ਤਿਵਾੜੀ ਨੇ ਭਗਤ ਸਿੰਘ, ਊਧਮ ਸਿੰਘ, ਸੈਫੂਦੀਨ ਕਿਚਲੂ, ਡਾ. ਸਤਪਾਲ, ਪਾਸ਼ ਦੇ ਹਵਾਲੇ ਨਾਲ ਕਿਹਾ ਕਿ ਇਹਨਾਂ ਤੋਂ ਪ੍ਰੇਰਣਾ ਲੈਂਦਿਆਂ ਅੱਜ ਹੋਰ ਸੁਚੇਤ ਹੋਣ ਦੀ ਲੋੜ ਹੈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਅਤੇ ਕਿਸਾਨ ਅੰਦੋਲਨ ਸਾਡਾ ਪ੍ਰੇਰਣਾ ਸ੍ਰੋਤ ਹੈ। ਉਹਨਾਂ ਕਿਹਾ ਕਿ ਨਾਕਾਮੀਆਂ ਤੋਂ ਬਾਅਦ ਹੀ ਜਿੱਤ ਹਾਸਲ ਹੁੰਦੀ ਹੈ। ਕਿਸਾਨੀ ਜਿੱਤ ਨੂੰ ਚੋਰ ਮੋਰੀਆਂ ਰਾਹੀਂ ਖ਼ਤਮ ਕਰਨ ਦੇ ਮਨਸੂਬੇ ਜਾਰੀ ਹਨ।

ਵਿਨੀਤ ਤਿਵਾੜੀ ਨੇ ਬਦਲਦੀ ਦੁਨੀਆਂ ਨੂੰ ਸਪਸ਼ਟ ਕਰਦਿਆਂ ਰੂਸ, ਯੂਕਰੇਨ, ਇਜ਼ਰਾਈਲ ਦੇ ਫਲਸਤੀਨ ਉਪਰ ਹਮਲੇ, ਮਨੀਪੁਰ ਆਦਿ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਢੇ ਪੰਜ ਹਜ਼ਾਰ ਬੱਚਿਆਂ ਦਾ ਘਾਣ ਅਤੇ 16-17 ਸਾਲਾਂ ਦੀਆਂ ਕੁੜੀਆਂ ਨੂੰ ਟੈਂਕਾਂ ਨਾਲ ਦਰੜਿਆ ਜਾਣਾ ਦਿਲ ਕੰਬਾਊ ਹੈ। ਉਹਨਾਂ ਸੱਦਾ ਦਿੱਤਾ ਕਿ ਦੁਨੀਆਂ ਅਤੇ ਮੁਲਕ ਦੀ ਬਦਲ ਰਹੀ ਤਸਵੀਰ ਦੌਰਾਨ ਲੋਕ-ਏਕਤਾ ਨਾਲ ਹੀ ਇਸਨੂੰ ਆਮ ਲੋਕਾਈ ਦੀਆਂ ਇੱਛਾਵਾਂ ਦੀ ਪੂਰਤੀ ਹਿੱਤ ਬਦਲਿਆ ਜਾ ਸਕਦਾ ਹੈ।

ਅੱਜ ਪਹਿਲੀ ਨਵੰਬਰ ਸਿਧਾਰਥ ਵਰਧਰਾਜਨ ਮੇਲੇ ਨੂੰ ਸੰਬੋਧਨ ਕਰਨਗੇ। ਇਸ ਤੋਂ ਇਲਾਵਾ ਸਾਰਾ ਦਿਨ ਸਾਰੀ ਰਾਤ ਨਾਟਕ, ਗੀਤ-ਸੰਗੀਤ ਹੋਣਗੇ। ਸੁਰਿੰਦਰ ਕੁਮਾਰੀ ਕੋਛੜ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਅਮੋਲਕ ਸਿੰਘ ਦਾ ਲਿਖਿਆ ਝੰਡੇ ਦਾ ਗੀਤ ਕੇਵਲ ਧਾਲੀਵਾਲ ਪੇਸ਼ ਕਰਨਗੇ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Sikh Ramgarhia Boy, well settled family in Canada is looking for a suitable match for their 33-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Well settled family living in canada from 16 years.
Call: 204-510-7658 or 519-917-5055

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4'' tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੰਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com












# ਪੰਜਾਬੀਆਂ ਦਾ ਨਾਂ ਬੋਲਦੈ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਇੰਟਰਨੈੱਟ 'ਤੇ ਖ਼ਬਰਾਂ ਫ਼ਰੋਲਦਿਆਂ ਅੱਜ ਦੋ ਮੁੱਖ ਖ਼ਬਰਾਂ ਵੇਖਣ ਨੂੰ ਮਿਲੀਆਂ। ਪਹਿਲੀ ਪੰਜਾਬੀਆਂ ਲਈ ਬਹੁਤ ਹੀ ਉਤਸ਼ਾਹ-ਜਨਕ ਖ਼ਬਰ ਸੀ ਕਿ ਡਾ. ਜਗਦੀਪ ਸਿੰਘ ਕੈਨੇਡਾ ਦੀ ਨਾਮੀ-ਕਰਾਮੀ 'ਯੂਨੀਵਰਸਿਟੀ ਆਫ਼ ਵਾਟਰਲੂ' ਦੇ 12'ਵੇਂ ਚਾਂਸਲਰ ਬਣਾਏ ਗਏ ਹਨ ਜਿਸ ਨੂੰ ਪੜ੍ਹ ਕੇ ਅਤਿਅੰਤ ਖ਼ੁਸ਼ੀ ਹੋਈ। ਡਾ. ਜਗਦੀਪ ਸਿੰਘ ਨੇ ਇਸ ਉੱਚ ਅਕਾਦਮਿਕ ਅਹੁਦੇ 'ਤੇ ਬਿਰਾਜਮਾਨ ਹੋ ਕੇ ਕੇਵਲ ਕੈਨੇਡਾ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆਂ ਵਿਚ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ। ਸਮੂਹ ਪੰਜਾਬੀਆਂ ਨੂੰ ਉਨ੍ਹਾਂ ਦੀ ਇਸ ਮਹਾਨ ਪ੍ਰਾਪਤੀ 'ਤੇ ਬੇਹੱਦ ਖ਼ੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ।

ਇਸ ਦੇ ਨਾਲ ਹੀ ਦੂਸਰੇ ਪਾਸੇ ਸਾਰੇ ਪੰਜਾਬੀਆਂ ਲਈ ਅਤਿਅੰਤ ਸ਼ਰਮਨਾਕ ਖ਼ਬਰ ਵੀ ਸੀ। ਉਹ ਇਹ ਕਿ ਇਕ ਬਹੁਤ ਵੱਡੀ ਕਾਰ-ਚੋਰੀ ਦੇ ਕੇਸ ਵਿਚ 64 'ਕਾਰ-ਚੋਰਾਂ' ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਹ ਸਾਰੇ ਹੀ ਪੰਜਾਬੀ ਹਨ। ਇਸ ਤੋਂ ਅੱਗੇ ਹੋਰ ਵੀ ਕਿ ਉਨ੍ਹਾਂ ਵਿਚ ਪੰਜਾਬੀ ਲੜਕੀਆਂ ਵੀ ਸ਼ਾਮਲ ਹਨ। ਇਨ੍ਹਾਂ ਦੋਸ਼ੀਆਂ ਵਿਚ ਬਹੁਤੇ 'ਪੰਜਾਬੀਆਂ ਦੇ ਗੜ੍ਹ' ਵਜੋਂ ਜਾਣੇ ਜਾਂਦੇ ਸ਼ਹਿਰ ਬਰੈਂਪਟਨ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਮਿਸੀਸਾਗਾ ਤੇ ਕੈਲੇਡਨ ਦੇ ਵਾਸੀ ਹਨ। ਇਹ ਅਤੇ ਇਹੋ ਜਿਹੀਆਂ ਹੋਰ ਖ਼ਬਰਾਂ ਪੜ੍ਹ ਸੁਣ ਕੇ ਪੰਜਾਬੀਆਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਜਿੱਥੇ ਇਕ ਪਾਸੇ ਪੰਜਾਬੀ ਇੱਥੇ ਕੈਨੇਡਾ ਵਿਚ ਵਿਚਰਦਿਆਂ ਵੱਖ-ਵੱਖ ਖ਼ੇਤਰਾਂ ਵਿਚ ਵੱਡੀਆਂ ਪ੍ਰਾਪਤੀਆਂ ਕਰਕੇ ਪੰਜਾਬੀਆਂ ਦਾ ਨਾਂ ਰੌਸ਼ਨ ਕਰ ਰਹੇ ਹਨ, ਉੱਥੇ ਇਸ ਤਰ੍ਹਾਂ ਦੇ ਲੋਕ ਪੰਜਾਬੀ ਕਮਿਊਨਿਟੀ ਨੂੰ ਬਦਨਾਮੀ ਦਿਵਾਉਣ ਦਾ ਵੀ ਵੱਡਾ ਸਬੱਬ ਬਣ ਰਹੇ ਹਨ। ਇਸ ਤੋਂ ਪਹਿਲਾਂ ਕਈ ਪੰਜਾਬੀਆਂ ਦੀ ਨਸ਼ੇ ਦੀ ਤਸਕਰੀ ਅਤੇ ਵਿਓਪਾਰ ਵਿਚ ਸ਼ਮੂਲੀਅਤ, ਪੰਜਾਬੀ ਵਿਦਿਆਰਥੀਆਂ ਦੀਆਂ ਆਪਸੀ ਮੁੱਠ-ਭੇੜਾਂ ਅਤੇ ਕੁੱਟ-ਮਾਰ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ ਹਨ। ਅਜਿਹੀਆਂ ਹਿੰਸਕ ਕਾਰਵਾਈਆਂ ਦੌਰਾਨ ਕਈ ਵਾਰ ਕਤਲ ਤੱਕ ਹੋ ਜਾਣ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਵਿਚ ਅਤੇ ਇਲੈੱਕਟ੍ਰਾਨਿਕ ਮੀਡੀਏ ਵਿਚ ਵੇਖਣ ਨੂੰ ਮਿਲਦੀਆਂ ਹਨ ਜੋ ਸਾਰੇ ਹੀ ਪੰਜਾਬੀਆਂ ਲਈ ਬਦਨਾਮੀ ਦਾ ਕਾਰਨ ਬਣਦੀਆਂ ਹਨ।

ਪਿਛਲੇ ਇੱਕ ਸਾਲ ਤੋਂ ਕਾਰ-ਚੋਰਾਂ ਦੀ ਭਾਲ਼ ਵਿੱਚ ਲੱਗੀ ਹੋਈ ਟੋਰਾਂਟੋ ਪੋਲੀਸ ਵੱਲੋਂ 'ਪ੍ਰੋਜੈਕਟ ਸਟਾਲੀਅਨ' ਹੇਠ ਜਾਰੀ ਕੀਤੇ ਗਏ ਨਵੇਂ ਵੇਰਵਿਆਂ 'ਚ ਵੱਡੀ ਪੱਧਰ 'ਤੇ ਸਿੱਖ ਭਾਈਚਾਰੇ ਨਾਲ਼ ਸਬੰਧਿਤ 64 ਨੌਜਵਾਨ ਲੜਕਿਆਂ ਤੇ ਲੜਕੀਆਂ ਦੇ ਨਾਂ ਸਾਹਮਣੇ ਆਏ ਹਨ ਅਤੇ ਉਨ੍ਹਾਂ ਉੱਪਰ ਗੰਭੀਰ ਚਾਰਜ ਲੱਗੇ ਹੋਏ ਹਨ। ਇਹ ਸਾਡੇ ਸੱਭਨਾਂ ਲਈ ਬੜੀ ਚਿੰਤਾ ਅਤੇ ਗੰਭੀਰਤਾ ਦਾ ਵਿਸ਼ਾ ਹੈ ਕਿ ਕੈਨੇਡਾ ਵਰਗੇ ਸਮਰੱਥ ਦੇਸ਼ ਵਿੱਚ ਆ ਕੇ ਵੀ ਪੰਜਾਬੀ ਅਤੇ ਖ਼ਾਸ ਤੌਰ 'ਤੇ ਸਿੱਖ ਨੌਜਵਾਨ ਵੱਡੀ ਗਿਣਤੀ ਵਿੱਚ ਡਰੱਗ ਸਮੱਗਲਰ, ਨਸ਼ਾਖੋਰ, ਗੈਂਗਸਟਰ, ਸਮੱਗਲਰ, ਚੋਰ ਤੇ ਲੁਟੇਰੇ ਕਿਉਂ ਬਣ ਰਹੇ ਹਨ?

ਵਰਨਣਯੋਗ ਹੈ ਕਿ ਇਸ 'ਪ੍ਰੋਜੈਕਟ ਸਟਾਲੀਅਨ' ਅਧੀਨ ਪੋਲੀਸ ਵੱਲੋਂ ਚੋਰੀ ਦੇ 1080 ਵਹੀਕਲ ਬਰਾਮਦ ਕੀਤੇ ਗਏ ਹਨ ਅਤੇ ਚਾਰਜ ਕੀਤੇ ਗਏ 288 ਵਿਅੱਕਤੀਆਂ ਉੱਪਰ 553 ਦੋਸ਼ ਲਗਾਏ ਗਏ ਹਨ। ਪੋਲੀਸ ਅਨੁਸਾਰ ਚੋਰੀ ਕੀਤੇ ਗਏ ਵਹੀਕਲਾਂ ਦੀ ਕੁੱਲ ਕੀਮਤ 59,065,120 ਡਾਲਰ ਬਣਦੀ ਹੈ। ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ ਵਿਚ ਪੋਲੀਸ ਵੱਲੋਂ ਇਹ ਦੱਸਿਆ ਗਿਆ ਸੀ ਕਿ ਚੋਰੀ ਕੀਤੀਆਂ ਗਈਆਂ 27 ਮਿਲੀਅਨ ਡਾਲਰ ਕੀਮਤ ਦੀਆਂ ਹਨ ਅਤੇ ਉਦੋਂ ਗ੍ਰਿਫ਼ਤਾਰ ਕੀਤੇ ਗਏ 119 ਸ਼ੱਕੀ ਵਿਅੱਕਤੀਆਂ ਵਿਚ ਬਰੈਂਪਟਨ ਅਤੇ ਮਿਸੀਸਾਗਾ ਦੇ ਤਿੰਨ ਦਰਜਨ ਤੋਂ ਵਧੀਕ ਲੋਕ ਸ਼ਾਮਲ ਦੱਸੇ ਗਏ ਸਨ। ਹੁਣ ਇਸ ਮਹੀਨੇ ਅਕਤੂਬਰ ਦੇ ਇਸ ਅਖ਼ੀਰਲੇ ਹਫ਼ਤੇ ਇਨ੍ਹਾਂ ਦੋਸ਼ੀਆਂ ਦੀ ਗਿਣਤੀ 288 ਹੋ ਗਈ ਹੈ ਅਤੇ ਚੋਰੀ ਹੋਈਆਂ ਕਾਰਾਂ ਦੀ ਕੀਮਤ ਦੁੱਗਣੀ ਤੋਂ ਵੀ ਵਧੀਕ 60 ਮਿਲੀਅਨ ਦੇ ਕਰੀਬ ਜਾ ਪਹੁੰਚੀ ਹੈ। ਇਕੱਲੇ ਟੋਰਾਂਟੋ ਸ਼ਹਿਰ ਵਿੱਚੋਂ ਹੀ 2019 ਤੋਂ ਲੈ ਕੇ ਹੁਣ ਤੱਕ ਭਾਵ ਅਕਤੂਬਰ 2023 ਤੱਕ ਪੌਣੇ ਪੰਜ ਸਾਲਾਂ ਵਿੱਚ 9747 ਕਾਰਾਂ ਚੋਰੀ ਹੋ ਚੁੱਕੀਆਂ ਹਨ। ਪਿਛਲੇ ਸਾਲ 2022 ਦੌਰਾਨ ਓਨਟਾਰੀਓ ਸੂਬੇ ਵਿਚ ਚੋਰੀ ਹੋਈਆਂ ਕਾਰਾਂ ਦੀ ਗਿਣਤੀ ਦੋ ਗੁਣਾਂ ਅਤੇ ਕਿਊਬਿਕ ਵਿਚ ਇਹ ਤਿੰਨ ਗੁਣਾਂ ਵੱਧ ਗਈ। ਐਟਲਾਂਟਿਕ ਕੈਨੇਡਾ ਵਿਚ ਇਹ 20 ਫ਼ੀਸਦੀ ਵੱਧ ਗਈ ਸੀ।

ਇਹ ਗੱਲ ਤਾਂ ਨਿੱਤਰੇ ਪਾਣੀ ਵਾਂਗ ਸਾਫ਼ ਤੇ ਸਪੱਸ਼ਟ ਹੋ ਗਈ ਹੈ ਕਿ ਚੋਰੀ ਕੀਤੀਆਂ ਗਈਆਂ ਇਹ ਕਾਰਾਂ ਨਾਮਵਰ ਕੰਪਨੀਆਂ ਦੀਆਂ 'ਟਿਓਟਾ ਹਾਈਲੈਂਡਰ', 'ਜੀਪ ਰੈਂਗਲਰ/ਗਲੈਡੀਏਟਰਜ਼, 'ਹੌਂਡਾ ਸੀਆਰਵੀ' ਵਰਗੀਆਂ ਬੜੀਆਂ ਵੱਡੀਆਂ ਤੇ ਮਹਿੰਗੀਆਂ ਹੁੰਦੀਆਂ ਹਨ। ਚੋਰੀ ਹੋਣ ਤੋਂ ਬਾਅਦ ਇਹ ਸਮੁੰਦਰੀ ਜਹਾਜ਼ਾਂ ਰਾਹੀਂ ਦੂਰ-ਦੁਰੇਢੇ ਸ਼ਹਿਰਾਂ ਜਾਂ ਬਾਹਰਲੇ ਦੇਸ਼ਾਂ ਨੂੰ ਸਮੱਗਲ ਕੀਤੀਆਂ ਜਾਂਦੀਆਂ ਹਨ ਅਤੇ ਉੱਥੇ ਇਹ ਮਹਿੰਗੇ ਮੁੱਲ 'ਤੇ ਵੇਚ ਦਿੱਤੀਆਂ ਜਾਂਦੀਆਂ ਹਨ। ਟੋਰਾਂਟੋ ਵਿੱਚੋਂ ਚੋਰੀ ਕੀਤੀ ਗਈ 'ਟਿਓਟਾ ਹਾਈਲੈਂਡਰ' ਪੋਲੀਸ ਵੱਲੋਂ ਨਾਇਜੀਰੀਆ ਵਿਚ ਟਰੈਕ ਕੀਤੀ ਗਈ। ਮਾੜੀਆਂ-ਮੋਟੀਆਂ ਤੇ ਸਸਤੀਆਂ ਕਾਰਾਂ ਨੂੰ ਚੋਰ ਕਿਉਂ ਹੱਥ ਪਾਉਣਗੇ? ਉਨ੍ਹਾਂ ਵਿੱਚੋਂ ਉਨ੍ਹਾਂ ਨੂੰ ਕੀ ਮਿਲੇਗਾ? ਇਹ ਇਕ ਬਹੁਤ ਹੀ ਸੰਗੀਨ ਮਾਮਲਾ ਹੈ। ਫੜ੍ਹੇ ਗਏ ਦੋਸ਼ੀਆਂ ਨੂੰ ਤਾਂ ਕੈਨੇਡਾ ਦੇ ਕਾਨੂੰਨ ਅਨੁਸਾਰ ਸਜ਼ਾ ਮਿਲੇਗੀ ਹੀ ਪਰ ਜਿਹੜੇ ਨਹੀਂ ਫੜ੍ਹੇ ਗਏ, ਉਨ੍ਹਾਂ ਦਾ 'ਹਲਵਾ-ਮੰਡਾ' ਤਾਂ ਅੱਗੋਂ ਵੀ ਇੰਜ ਹੀ ਚੱਲਦਾ ਰਹੇਗਾ। ਫੜ੍ਹੇ ਗਏ ਇਨ੍ਹਾਂ 'ਪੰਜਾਬੀ-ਚੋਰਾਂ' ਨਾਲ ਪੰਜਾਬੀ ਕਮਿਊਨਿਟੀ ਦੀ ਹੋਈ ਬਦਨਾਮੀ ਦਾ ਕੀ ਬਣੇਗਾ? ਪੰਜਾਬੀਆਂ ਦੇ ਨਾਂ 'ਤੇ ਲੱਗੇ ਅਜਿਹੇ ਧੱਬਿਆਂ ਨੂੰ ਕੀ ਭਵਿੱਖ ਵਿੱਚ ਕਦੇ ਧੋਤਾ ਜਾ ਸਕੇਗਾ? ਮੇਰਾ ਖ਼ਿਆਲ ਹੈ, ਕਦੇ ਵੀ ਨਹੀਂ।

ਉਂਜ, ਅਸੀਂ ਸਾਰੇ ਪੰਜਾਬੀ ਹੁੰਦਿਆਂ ਬੜਾ ਮਾਣ ਮਹਿਸੂਸ ਕਰਦੇ ਹਾਂ ਅਤੇ ਫੜ੍ਹਾਂ ਵੀ ਬਹੁਤ ਮਾਰਦੇ ਹਾਂ ਕਿ ਸਾਡੇ ਪੰਜਾਬੀਆਂ ਨੇ ਕੈਨੇਡਾ ਆ ਕੇ ਬਹੁਤ 'ਵੱਡੀਆਂ ਮੱਲਾਂ' ਮਾਰੀਆਂ ਹਨ। ਉਹ ਫ਼ੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਵਿਚ ਐੱਮ.ਪੀਜ਼. ਤੇ ਐੱਮ.ਪੀ.ਪੀਜ਼. ਬਣੇ ਹਨ ਤੇ ਉਨ੍ਹਾਂ ਵਿੱਚੋਂ ਕਈ ਸਰਕਾਰਾਂ ਵਿਚ ਵੱਖ-ਵੱਖ ਸਮੇਂ ਮੰਤਰੀ ਵੀ ਬਣਾਏ ਗਏ ਹਨ ਅਤੇ ਕਈ ਹੁਣ ਵੀ ਹਨ। ਕਈ ਪੰਜਾਬੀ ਸਥਾਨਕ ਸਰਕਾਰਾਂ ਵਿਚ ਕੌਂਸਲਰ ਬਣੇ ਹਨ ਅਤੇ ਉਹ ਡਿਪਟੀ ਮੇਅਰ ਦੇ ਉੱਚ-ਅਹੁਦੇ ਤੀਕ ਵੀ ਪਹੁੰਚੇ ਹਨ। ਉਹ ਡਾਕਟਰ, ਇੰਜੀਨੀਅਰ, ਵਕੀਲ ਅਤੇ ਸਫ਼ਲ ਬਿਜ਼ਨੈੱਸਮੈਨ ਬਣੇ ਹਨ। ਕੈਨੇਡਾ ਤੇ ਅਮਰੀਕਾ ਦੀ ਟਰੱਕਿੰਗ ਇੰਡਸਟਰੀ ਵਿਚ ਵੀ ਉਨ੍ਹਾਂ ਨੇ ਚੰਗਾ ਚੋਖਾ ਨਾਮਣਾ ਕਮਾਇਆ ਹੈ। ਉਹ ਵੱਖ-ਵੱਖ ਖ਼ੇਤਰਾਂ ਵਿਚ ਉਚੇਰੀ ਪੜ੍ਹਾਈ ਅਤੇ ਤਕਨੀਕੀ ਸਿੱਖਿਆ ਹਾਸਲ ਕਰਕੇ ਕਈ ਉੱਚ-ਅਹੁਦਿਆਂ 'ਤੇ ਵੀ ਪਹੁੰਚੇ ਹਨ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਸਾਡੇ ਪੰਜਾਬੀਆਂ ਨੇ ਸਖ਼ਤ ਘਾਲਣਾ ਕਰਕੇ ਇਨ੍ਹਾਂ ਬਹੁਤ ਸਾਰੇ ਖ਼ੇਤਰਾਂ ਵਿਚ ਚੰਗਾ ਨਾਂ ਕਮਾਇਆ ਹੈ। ਪਰ ਇਸ ਦੇ ਨਾਲ ਹੀ 'ਕਣਕ ਵਿਚ ਕਾਂਗਿਆਰੀ' ਦੀ ਕਹਾਵਤ ਅਨੁਸਾਰ ਕੀ ਇਹ 'ਮਾੜੇ ਅਨਸਰ' (ਕਾਰ-ਚੋਰ, ਨਸ਼ਿਆਂ ਦੇ ਸੌਦਾਗਰ, ਹਿੰਸਕ ਕਾਰਵਾਈਆਂ ਵਿਚ ਸ਼ਾਮਲ ਹੋਣ ਵਾਲੇ ਪੰਜਾਬੀ ਅਤੇ ਆਪਸ ਵਿਚ ਲੜਨ-ਭਿੜਨ ਵਾਲੇ ਅੰਤਰਰਾਸ਼ਟਰੀ ਪੰਜਾਬੀ ਵਿਦਿਆਰਥੀ) ਪੰਜਾਬੀਆਂ ਦੀਆਂ ਕੈਨੇਡਾ ਵਿਚਲੀਆਂ ਪ੍ਰਾਪਤੀਆਂ ਨੂੰ ਨਾਲੋ-ਨਾਲ ਹੀ 'ਮਲ਼ੀਆਮੇਟ' ਨਹੀਂ ਕਰ ਰਹੇ। ਇਹ ਇੱਕ ਬੇਹੱਦ ਗੰਭੀਰ ਮਾਮਲਾ ਹੈ ਅਤੇ ਇਸ ਉੱਪਰ ਕੇਵਲ ਸੋਚਣਾ ਹੀ ਨਹੀਂ ਬਣਦਾ, ਸਗੋਂ ਸਖ਼ਤ ਅਤੇ ਫ਼ੌਰੀ ਕਾਰਵਾਈ ਕਰਨ ਦੀ ਤੁਰਤ ਲੋੜ ਹੈ। ਕੀ ਸਾਡੀਆਂ ਫ਼ੈਡਰਲ ਅਤੇ ਪ੍ਰੋਵਿੰਸ਼ੀਅਲ ਸਰਕਾਰਾਂ ਇਸ ਮਸਲੇ ਵੱਲ ਧਿਆਨ ਦੇਣਗੀਆਂ?

ਕੀ ਅਸੀਂ ਆਮ ਲੋਕ ਵੀ ਇਸ ਦਿਸ਼ਾ ਵਿਚ ਕੁਝ ਕਰ ਸਕਦੇ ਹਾਂ। ਜੇ ਹੋਰ ਕੁਝ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਆਪਣੀ ਕਾਰ ਤਾਂ ਅਸੀਂ ਗਰਾਜ ਵਿਚ ਖਲ੍ਹਾਰ ਸਕਦੇ ਹਾਂ। ਉੱਥੇ ਇਹ ਸੁਰੱਖ਼ਿਅਤ ਤਾਂ ਹੋਵੇਗੀ। ਆਪਣੀਆਂ ਕਾਰਾਂ ਨੂੰ 'ਲੌਕ' (ਤਾਲਾਬੰਦ) ਕਰਕੇ ਰੱਖ ਸਕਦੇ ਹਾਂ। ਆਪਣੇ ਘਰਾਂ ਵਿਚ ਸਕਿਉਰਿਟੀ ਕੈਮਰੇ ਲਗਵਾ ਸਕਦੇ ਹਾਂ ਜਿਸ ਨਾਲ ਘਰ ਅਤੇ ਕਾਰਾਂ ਦੋਵੇਂ ਹੀ ਸੁਰੱਖ਼ਿਅਤ ਰਹਿ ਸਕਦੇ ਹਨ। ਕਾਰਾਂ ਦੀਆਂ ਚਾਬੀਆਂ ਨੂੰ ਸਿਗਨਲ ਬਲੌਕਿੰਗ ਪਾਊਚਾਂ ਵਿਚ ਰੱਖ ਸਕਦੇ ਹਾਂ ਅਤੇ 'ਚੋਰੀ ਰੋਕੂ ਯੰਤਰਾਂ' ਦੀ ਵਰਤੋਂ ਕਰ ਸਕਦੇ ਹਾਂ। ਇਹ ਕੁਝ ਕੁ ਸਾਵਧਾਨੀਆਂ ਰੱਖ ਕੇ ਅਸੀਂ ਆਪਣੇ ਘਰਾਂ ਨੂੰ ਸੁਰੱਖ਼ਿਅਤ ਰੱਖ ਸਕਦੇ ਹਾਂ ਅਤੇ ਆਪਣੀਆਂ ਕਾਰਾਂ ਨੂੰ ਵੀ ਕਾਰ-ਚੋਰਾਂ ਤੋਂ ਬਚਾ ਸਕਦੇ ਹਾਂ।

ਇਸ ਸਬੰਧ ਵਿਚ ਸਾਨੂੰ ਨਿਰੀ ਸਰਕਾਰਾਂ ਤੋਂ ਹੀ ਕੋਈ ਆਸ ਨਹੀਂ ਰੱਖਣੀ ਚਾਹੀਦੀ, ਸਗੋਂ ਆਪ ਵੀ ਕੁਝ 'ਹੱਥ-ਪੱਲਾ' ਮਾਰਨਾ ਚਾਹੀਦਾ ਹੈ। ਨੌਜੁਆਨਾਂ ਨੂੰ ਜੀਵਨ ਵਿਚ ਉਸਾਰੂ ਸੇਧ ਦੇਣ ਲਈ ਕਦਮ ਉਠਾਉਣੇ ਚਾਹੀਦੇ ਹਨ। 'ਨਵੀਂ ਪਨੀਰੀ' ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਲੋੜੀਂਦੇ ਯਤਨ ਕਰਨੇ ਚਾਹੀਦੇ ਹਨ। ਸਾਡੇ ਲੇਖਕਾਂ ਨੂੰ ਉਸਾਰੂ ਸਾਹਿਤ ਦੀ ਸਿਰ-ਜਣਾ ਕਰਨੀ ਚਹੀਦੀ ਹੈ ਜੋ ਨੌਜੁਆਨ-ਪੀੜ੍ਹੀ ਦਾ ਮਾਰਗ ਦਰਸ਼ਨ ਕਰ ਸਕੇ।

(ਨੋਟ: ਇਸ ਲੇਖ ਦੇ ਨਾਲ ਇਕ 'ਕਿਊ ਆਰ' ਕੋਡ ਦਿੱਤਾ ਜਾ ਰਿਹਾ ਹੈ ਜਿਸ ਵਿਚ ਕਾਰ-ਚੋਰੀ ਸਬੰਧੀ ਪਾਈ ਜਾ ਰਹੀ ਪਟੀਸ਼ਨ ਬਾਰੇ ਜਾਣਕਾਰੀ ਸ਼ਾਮਲ ਹੈ। ਕਿਰਪਾ ਕਰਕੇ ਇਸ ਪਟੀਸ਼ਨ ਨੂੰ ਸ਼ੇਅਰ ਕ੍ਰਕੇ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕੀਤਾ ਜਾਵੇ, ਜੀ)


















ASIAN FOOD CENTRE
Diwali SALE
WE HAVE LARGE QUANTITY OF DIYA
www.AsianFoodCentre.com
27TH OCT TO 13TH NOV 2023
Fresh Fruits, Vegetables, Indian & Canadian Grocery
$11.99 MEERA WHOLE WHEAT ATTA
$13.99 SHER MULTIGRAIN ATTA
$12.99 QUALITY WHOLE WHEAT ATTA
$11.99 817 BASMATI RICE
$5.99 SHER BESAN
$12.99 MEERA BESAN
$2.49 SAFFRON
$1.99 SURATI SNACKS
$6.99 GURU JI BADAM & KESHARIA THANDAI SYRUP
$4.29 KHALSA PANEER
$4.99 TEZ MUSTARD OIL
$24.99 NANAK DESI GHEE
$24.99 VERKA DESI GHEE
$1.49 HALDIRAM ALOO BHUJIA, KHATTA MEETHA, TASTY NUTS, MOONG DAL
$4.99 ALMONDS
$2.99 BAMBINO VERMICELLI
$1.49 HALDIRAM BHELPURI
$3.29 DABUR MUSTARD OIL
$3.99 BRITANNIA CAKE RUSK
$3.99 BRITANNIA MASKA CHASKA
2 FOR $1 BRITANNIA NICE TIME
$4.29 HALDIRAM PANI PURI
$4.49 VIDYA PANI PURI
$2.49 HALDIRAM SOAN PAPDI
$10.99 VERKA BROWN SUGAR
$8.99 RED LABEL INDIA
$8.99 TEA INDIA
$9.99 WAGHBAKRI TEA
$8.99 TAPAL DANEDAR TEA
$2.49 POPULAR SAMOSA/SPRING ROLLS
$3.29 POPULAR PARATHA
$3.49 THAKAR MATAR KULCHA
$5.49 HALDIRAM FAMILY PACK NAAN
$1.49 SANTOSH NAAN
$6.99 TASTY FROZEN PEAS
$1.49 AASHIRVAAD PARATHA
$0.69 BRITANNIA GOOD DAY COOKIES
$2.79 RUBICON ASST. JUICE
$1.79 FROOTI
$7.99 SAVERA RASMALAI
$5.99 NANAK GULAB JAMUN
$7.99 APNA TASTE RASMALAI
$5.99 APNA TASTE GULAB JAMUN
$7.99 POPULAR PARATHA
$3.99 AAP KI PASANAD SOYA TIKKA CHAAP
$3.99 AAP KI PASANAD SOYA CHAAP
$5.99 SAVERA KHOA
$3.29 HALDIRAM KHARI BOONDI
WE HAVE LARGE QUANTITY OF DIYA & DIWALI ITEMS
Variety of Indian Sweets Available
ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232
MEAT SHOP AVAILABLE
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


LOCAL & LONG DISTANCE MOVING
H.K. MOVERS
VANCOUVER - CALGARY - EDMONTON - WINNIPEG - TORONTO - OTTAWA - MONTREAL
CANADA'S MOVING COMPANY
WELCOME TO ALBERTA
H.K. MOVERS
LOCAL & LONG DISTANCE
416-524-6704
WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS
Best Business of 2023
ThreeBest Rated
Excellence
Call: 416.524.6704
www.hkmovers.ca
2023
ThreeBest Rated
Certificate OF EXCELLENCE
THREE BEST RATED
SAFE, RELIABLE AND EFFICIENT SERVICE AT THE BEST RATES